# ਸਿੰਫਨੀ ਨੇ ਕੂਲਰ ਅਤੇ ਸਮਾਰਟ ਵਾਟਰ ਗੀਜ਼ਰ ਕੀਤਾ ਲਾਂਚ

ਅਹਿਮਦਾਬਾਦ, 17 ਅਗਸਤ (ਬਿਜ਼ਨੈੱਸ ਨਿਊਜ਼)-ਏਅਰ ਕੂਲਿੰਗ ਹੱਲਾਂ 'ਚ ਮੋਹਰੀ ਭਾਰਤੀ ਬਹੁਰਾਸ਼ਟਰੀ ਕੰਪਨੀ ਸਿੰਫਨੀ ਲਿਮਟਿਡ ਨੇ ਹਾਲ ਹੀ 'ਚ ਗੋਆ 'ਚ 2 ਦਿਨਾ ਚੇਅਰਮੈਨ ਕਲੱਬ 2023-24 ਪ੍ਰੋਗਰਾਮ ਆਯੋਜਿਤ ਕੀਤਾ, ਜਿੱਥੇ ਟਾਪ ਵਪਾਰ ਭਾਗੀਦਾਰਾਂ ਨੂੰ ਸੱਦਿਆ ਗਿਆ ਅਤੇ ਅਗਵਾਈ ਟੀਮ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ 'ਚ ਕੂਲਰਜ਼ 'ਚ ਬਲਾਕ ਬਸਟਰ ਉਤਪਾਦ ਲਾਂਚ ਕੀਤੇ ਗਏ ਅਤੇ ਵਾਟਰ ਹੀਟਰ ਸ਼੍ਰੇਣੀ 'ਚ ਸਿੰਫਨੀ ਦੇ ਪ੍ਰਵੇਸ਼ ਨੂੰ ਚਿਹਨਿਤ ਕੀਤਾ ਗਿਆ।



ਸਿੰਫਨੀ ਲਿਮਟਿਡ ਨੇ ਗੀਜ਼ਰ ਸਪਾ, ਸੋਨਾ ਅਤੇ ਸੋਲ ਦੀ ਤਿੰਨ ਲੜੀਆਂ ਦੇ ਲਾਂਚ ਨਾਲ ਸਟੋਰੇਜ ਵਾਟਰ ਹੀਟਰ ਸ਼੍ਰੇਣੀ 'ਚ ਪ੍ਰਵੇਸ਼ ਦਾ ਐਲਾਨ ਕੀਤਾ। ਸਿੰਫਨੀ ਸਪਾ ਗੀਜ਼ਰ ਕਈ ਬੇਮਿਸਾਲ ਸਹੂਲਤਾਂ ਨਾਲ ਲੈਸ ਹੈ। ਸਿੰਫਨੀ ਲਿਮਟਿਡ ਦੇ ਪ੍ਰਧਾਨ ਅਚਲ ਬੇਕਰੀ ਨੇ ਕਿਹਾ, "ਅਸੀਂ ਸਿੰਫਨੀ ਸਪਾ ਗੀਜ਼ਰ ਪੇਸ਼ ਕਰਦੇ ਹੋਏ ਰੋਮਾਂਚਿਤ ਹਾਂ। ਇਹ ਇਕ ਅਜਿਹਾ ਉਤਪਾਦ ਹੈ, ਜੋ ਖਪਤਕਾਰ ਦੀਆਂ ਜ਼ਰੂਰਤਾਂ ਦੀ ਸਮਝ ਦੇ ਨਾਲ ਸਾਡੀ ਤਕਨੀਕੀ ਸਮਰੱਥਾ ਨੂੰ ਜੋੜਦਾ ਹੈ।"

ਪਲਾਸਟਿਕ ਬਾਡੀ ਨਾਲ ਸਿੰਫਨੀ ਸੋਨਾ ਰੇਂਜ 'ਚ ਸਮਾਨ ਉੱਨਤ 9-ਲੇਇਰ ਪ੍ਰੋਪਾੜ ਵਾਟਰ ਫਿਲਟਰੇਸ਼ਨ ਕਾਰਟਰਿਜ ਵੀ ਹੈ, ਜੋ ਖਪਤਕਾਰਾਂ ਲਈ ਇਕ ਕੁਸ਼ਲ ਅਤੇ ਕਿਫਾਇਤੀ ਬਦਲ ਪ੍ਰਦਾਨ ਕਰਦਾ ਹੈ।

ਸਿੰਫਨੀ ਸੋਲ ਰੇਂਜ ਇਕ ਮੈਟਲ ਬਾਡੀ ਅਤੇ ਇਕ ਐੱਲ. ਈ. ਡੀ. ਡਿਸਪਲੇ ਦੇ ਨਾਲ ਆਉਂਦੀ ਹੈ, ਜਿਸ 'ਚ ਬਿਹਤਰ ਪਾਣੀ ਦੀ ਗੁਣਵੱਤਾ ਲਈ ਉੱਨਤ ਪ੍ਰੋਪਾੜ ਤਕਨੀਕ ਵੀ ਸ਼ਾਮਲ ਹੈ। ਸਾਰੇ ਸਿੰਫਨੀ ਗੀਜ਼ਰ 10, 15 ਅਤੇ 25-ਲਿਟਰ ਸਮਰੱਥਾ 'ਚ ਉਪਲੱਬਧ ਹਨ, ਜੋ ਵੱਖ-ਵੱਖ ਘਰੇਲੂ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ।

ਜਗ ਬਾਣੀ ਈ-ਪੇਪਰ
Sun,18 August 2024
Edition: jalandhar main, Page